# PUNJAB VIDHAN SABHA

**DEBATES**

***Monday, the 27th November, 2017***

Vol. III - No. 1

OFFICIAL REPORT

CONTENTS


| | Page |
|---|---|
| Obituary references | (1) 1 |


**Punjab Vidhan Sabha Secretariat, Chandigarh**

Price : Rs._________.

## ਪੰਜਾਬ ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ. | ਨਾਮ | ਮਹਿਕਮਾ/ਮਹਿਕਮੇ |
|---|---|---|
| 1. | ਕੈਪਟਨ ਅਮਰਿੰਦਰ ਸਿੰਘ<br>ਮੁੱਖ ਮੰਤਰੀ<br><br>Captain Amarinder Singh<br>Chief Minister | ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ<br>General Administration, Personnel, Home Affairs and Justice, Vigilance and all other departments not assigned to any other Minister |
| 2. | ਸ਼੍ਰੀ ਬ੍ਰਹਮ ਮਹਿੰਦਰਾ<br><br>Shri Brahm Mohindra | ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ<br>Health & Family Welfare and Research & Medical Education and Parliamentary Affairs |
| 3. | ਸਰਦਾਰ ਨਵਜੋਤ ਸਿੰਘ ਸਿੱਧੂ<br><br>Sardar Navjot Singh Sidhu | ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ<br>Local Government and Tourism and Cultural Affairs, Archives and Museums |
| 4. | ਸਰਦਾਰ ਮਨਪ੍ਰੀਤ ਸਿੰਘ ਬਾਦਲ<br>Sardar Manpreet Singh Badal | ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ<br>Finance, Planning and Employment Generation |
| 5. | ਸਰਦਾਰ ਸਾਧੂ ਸਿੰਘ<br><br>Sardar Sadhu Singh | ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ<br>Forests, Printing and Stationery and Welfare of SCs and BCs |

| | | |
|---|---|---|
| 6. | ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ<br>Sardar Tript Rajinder Singh Bajwa | ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ<br>Rural Development & Panchayats, Water Supply and Sanitation |
| 7. | ਰਾਣਾ ਗੁਰਜੀਤ ਸਿੰਘ<br>Rana Gurjit Singh | ਸਿੰਜਾਈ ਅਤੇ ਬਿਜਲੀ<br>Irrigation and Power |
| 8. | ਸਰਦਾਰ ਚਰਨਜੀਤ ਸਿੰਘ ਚੰਨੀ<br>Sardar Charanjit Singh Channi | ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ<br>Technical Education and Industrial Training |
| 9. | ਸ਼੍ਰੀਮਤੀ ਅਰੁਨਾ ਚੌਧਰੀ ਰਾਜ ਮੰਤਰੀ<br>Smt. Aruna Chaudhary, State Minister | ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ<br>Higher Education and School Education |
| 10. | ਸ਼੍ਰੀਮਤੀ ਰਜ਼ੀਆ ਸੁਲਤਾਨਾ ਰਾਜ ਮੰਤਰੀ<br>Smt. Razia Sultana State Minister | ਲੋਕ ਨਿਰਮਾਣ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ<br>PWD (B & R), Social Security & Development of Women and Children |

**PUNJAB VIDHAN SABHA**

*Monday, the 27th November, 2017*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Rana Kanwar Pal Singh) in the Chair.*

-----

## OBITUARY REFERENCES

**ਮਾਨਯੋਗ ਸਪੀਕਰ :** ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਅੱਜ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ । ਅੱਜ ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਏ ਹਾਂ। ਜਿਵੇਂ ਕਿ ਇਟਲੀ ਦੇ ਸੰਸਾਰ ਪ੍ਰਸਿੱਧ ਚਿੰਤਕ, ਚਿਤੇਰਾ ਅਤੇ ਬੁੱਤ-ਤਰਾਸ਼, ਲੀਓਨਾਰਡੋ ਦਾ ਵਿੰਸ਼ੀ (Leonardo Da Vinci) ਦਾ ਕਹਿਣਾ ਸੀ ਕਿ -

As a well spent day brings happy sleep, so life well used brings happy death - ਅਰਥਾਤ ਜਿਸ ਤਰ੍ਹਾਂ ਇੱਕ ਚੰਗੇ ਢੰਗ ਨਾਲ ਬਿਤਾਏ ਗਏ ਦਿਨ ਤੋਂ ਬਾਅਦ ਸਾਨੂੰ ਖੁਸ਼ਨੁਮਾ ਨੀਂਦ ਆਉਂਦੀ ਹੈ, ਉਸੇ ਤਰ੍ਹਾਂ ਚੰਗਿਆਈ ਨਾਲ ਬਿਤਾਏ ਜੀਵਨ ਉਪਰੰਤ ਅਸੀਂ ਚੰਗੀ ਮੌਤ ਨੂੰ ਪ੍ਰਾਪਤ ਹੁੰਦੇ ਹਾਂ।

ਇਸੇ ਗੱਲ ਨੂੰ ਸਾਰਥਕ ਕਰਦਿਆਂ, ਜੋ ਸਤਿਕਾਰਯੋਗ ਸ਼ਖਸੀਅਤਾਂ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ, ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ, ਆਓ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋ ਆਪਣੀ ਸ਼ਰਧਾਂਜਲੀ ਭੇਂਟ ਕਰੀਏ।

ਰਾਜਮਾਤਾ ਮਹਿੰਦਰ ਕੌਰ ਜੀ, ਸਾਬਕਾ ਮਾਨਯੋਗ ਮੈਂਬਰ ਪਾਰਲੀਮੈਂਟ ਅਤੇ ਸਦਨ ਦੇ ਸਤਿਕਾਰਯੋਗ ਨੇਤਾ ਕੈਪਟਨ ਅਮਰਿੰਦਰ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਜੀ ਸਾਨੂੰ ਮਿਤੀ 24 ਜੁਲਾਈ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 14 ਸਤੰਬਰ 1922 ਨੂੰ ਸਾਂਝੇ ਪੰਜਾਬ ਵਿੱਚ ਲੁਧਿਆਣਾ ਵਿਖੇ ਸਰਦਾਰ ਹਰਚੰਦ ਸਿੰਘ ਜੇਜੀ ਦੇ ਘਰ ਹੋਇਆ ਸੀ, ਜੋ ਕਿ ਪਟਿਆਲਾ ਸਟੇਟ ਦੀ ਇੱਕ ਉਚ ਸ਼ਖਸੀਅਤ ਸਨ। ਸਾਲ 1938 ਵਿੱਚ ਉਨ੍ਹਾਂ ਦੀ ਸ਼ਾਦੀ ਸਵਰਗਵਾਸੀ ਮਹਾਰਾਜਾ ਯਾਦਵਿੰਦਰ ਸਿੰਘ ਜੀ ਨਾਲ ਹੋਈ। ਉਨ੍ਹਾਂ ਦੀਆਂ ਦੋ ਧੀਆਂ ਅਤੇ ਦੋ ਸਪੁੱਤਰ ਹਨ। ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਉਨ੍ਹਾਂ ਦੀ ਤੀਜੀ ਸੰਤਾਨ ਹਨ ਅਤੇ ਸਭ ਤੋਂ ਛੋਟੇ ਬੇਟੇ ਸਰਦਾਰ ਮਾਲਵਿੰਦਰ ਸਿੰਘ ਜੀ ਹਨ। ਉਨ੍ਹਾਂ ਨੇ

[ ਮਾਨਯੋਗ ਸਪੀਕਰ ]

ਸਾਲ 1964 ਤੋਂ 1967 ਤੱਕ ਰਾਜ ਸਭਾ ਦੇ ਮੈਂਬਰ ਵਜੋਂ ਸੇਵਾ ਕੀਤੀ ਅਤੇ ਉਸ ਤੋਂ ਬਾਅਦ ਉਹ 1967 ਵਿੱਚ ਪਟਿਆਲਾ ਹਲਕੇ ਤੋਂ ਲੋਕ ਸਭਾ ਮੈਂਬਰ ਵਜੋਂ ਚੁਣੇ ਗਏ।

ਉਨ੍ਹਾਂ ਨੇ ਸਾਲ 1947 ਦੌਰਾਨ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਨਾਲ ਦੇਸ਼ ਦੀ ਵੰਡ ਦੌਰਾਨ ਦੋਵਾਂ ਪਾਸੇ ਦੀਆਂ ਬੇਸਹਾਰਾ ਲੜਕੀਆਂ ਨੂੰ ਉਨ੍ਹਾਂ ਦੇ ਪਰਿਵਾਰ ਨਾਲ ਮਿਲਾਉਣ ਲਈ ਕੰਮ ਕੀਤਾ ਅਤੇ ਪੱਛਮੀ ਪਾਕਿਸਤਾਨ ਤੋਂ ਆਏ ਸ਼ਰਨਾਰਥੀਆਂ ਦੀ ਮਦਦ ਲਈ ਕੈਂਪ ਲਗਵਾਏ ਅਤੇ ਉਨ੍ਹਾਂ ਦੀ ਸੇਵਾ ਸੰਭਾਲ ਕੀਤੀ।

ਉਹ 1947 ਤੋਂ 1949 ਤੱਕ Women's Savings Campaign Pepsu ਦੇ ਚੇਅਰਪਰਸਨ ਰਹੇ ਅਤੇ ਉਸ ਤੋਂ ਬਾਅਦ 1954 ਤੋਂ 1955 ਅਤੇ 1957 ਤੋਂ 1960 ਤੱਕ ਉਹ ਸਟੇਟ ਸੋਸ਼ਲ ਵੈਲਫੇਅਰ ਐਡਵਾਈਜ਼ਰੀ ਬੋਰਡ ਪੈਪਸੂ ਦੇ ਚੇਅਰਪਰਸਨ ਵੀ ਰਹੇ। ਇਸ ਤੋਂ ਇਲਾਵਾ ਉਨ੍ਹਾਂ ਨੇ ਭਾਰਤੀ ਗ੍ਰਾਮੀਣ ਮਹਿਲਾ ਸੰਘ ਵਿੱਚ ਵੀ ਬਤੌਰ ਚੇਅਰਪਰਸਨ ਆਪਣੀਆਂ ਸੇਵਾਵਾਂ ਦਿੱਤੀਆਂ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਹੋਰ ਵੀ ਕਈ ਮਹੱਤਵਪੂਰਨ ਅਹੁਦਿਆਂ ਉੱਪਰ ਸੇਵਾਵਾਂ ਦਿੱਤੀਆਂ। ਉਨ੍ਹਾਂ ਦਾ ਸਮਾਜ ਸੇਵਾ ਦੇ ਖੇਤਰ ਵਿੱਚ ਅਹਿਮ ਯੋਗਦਾਨ ਰਿਹਾ ਹੈ।

ਕੰਵਰ ਵਿਸ਼ਵਜੀਤ ਪ੍ਰਿਥਵੀਜੀਤ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ ਵੀ ਸਾਨੂੰ ਮਿਤੀ 6 ਅਗਸਤ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 29 ਅਕਤੂਬਰ, 1946 ਨੂੰ ਜਲੰਧਰ ਵਿਖੇ ਹੋਇਆ ਸੀ। ਉਹ ਅਪ੍ਰੈਲ 1982 ਅਤੇ 1988 ਵਿੱਚ ਮਹਾਂਰਾਸ਼ਟਰ ਸਟੇਟ ਤੋਂ ਰਾਜ ਸਭਾ ਲਈ ਚੁਣੇ ਗਏ ਸਨ। ਉਨ੍ਹਾਂ ਵੱਲੋਂ ਕਈ ਵਾਰ ਅੰਤਰ-ਰਾਸ਼ਟਰੀ ਮੰਚਾਂ ਅਤੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਿੱਚ ਭਾਰਤ ਦੀ ਨੁਮਾਇੰਦਗੀ ਵੀ ਕੀਤੀ ਗਈ ਸੀ।

ਸ਼੍ਰੀ ਮਹਿੰਦਰ ਸਿੰਘ ਕਲਿਆਣ, ਸਾਬਕਾ ਮੈਂਬਰ ਪਾਰਲੀਮੈਂਟ ਵੀ ਸਾਨੂੰ ਮਿਤੀ 18 ਨਵੰਬਰ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 31 ਜਨਵਰੀ, 1932 ਨੂੰ ਪਿੰਡ ਬੁਰਜ ਹਕੀਮਾਂ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ ਸੀ। ਉਹ ਸਾਲ 1954 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਸ਼ਾਮਲ ਹੋਏ ਸਨ ਅਤੇ ਲੰਮਾ ਸਮਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਐਸ.ਸੀ.ਵਿੰਗ ਦੇ ਚੇਅਰਮੈਨ ਰਹੇ। ਉਹ 1973 ਵਿੱਚ ਮੁੱਲਾਂਪੁਰ ਮਾਰਕੀਟ ਕਮੇਟੀ ਦੇ ਸਭਾਪਤੀ ਰਹੇ । ਉਹ 1991 ਵਿੱਚ ਲੁਧਿਆਣਾ ਨਗਰ ਨਿਗਮ ਦੀ ਚੋਣ ਵਿੱਚ ਕੌਂਸਲਰ ਚੁਣੇ ਗਏ ਅਤੇ ਆਪਣੇ ਸੇਵਾ ਕਾਲ ਦੌਰਾਨ ਉਹ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਅਤੇ ਰਾਸ਼ਟਰੀ ਦਲਿਤ ਮਜ਼ਦੂਰ ਸੰਘ ਦੇ ਉਪ ਪ੍ਰਧਾਨ ਵੀ ਰਹੇ। ਸਾਲ 1992 ਵਿੱਚ ਉਹ ਕਾਂਗਰਸ ਪਾਰਟੀ ਦੇ ਉਮੀਦਵਾਰ ਵਜੋਂ ਰਾਜ ਸਭਾ ਲਈ ਚੁਣੇ ਗਏ ਸਨ।

ਸਰਦਾਰ ਹਰਮੋਹਿੰਦਰ ਸਿੰਘ ਪ੍ਰਧਾਨ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 25 ਨਵੰਬਰ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 12 ਅਪ੍ਰੈਲ, 1947 ਨੂੰ ਉਕਾਰਹਾ, ਪਾਕਿਸਤਾਨ ਵਿਖੇ ਹੋਇਆ ਸੀ। ਉਹ ਸਾਲ 1997 ਅਤੇ 2007 ਵਿੱਚ ਦੋ ਵਾਰ ਹਲਕਾ ਰਾਏਕੋਟ ਤੋਂ ਵਿਧਾਨ ਸਭਾ ਦੇ ਮੈਂਬਰ ਰਹੇ। ਆਪਣੇ ਕਾਰਜ ਕਾਲ ਵਿੱਚ ਉਹ ਮਿਊਂਸਿਪਲ ਕੌਂਸਲ, ਰਾਏਕੋਟ ਦੇ ਪ੍ਰਧਾਨ; ਸੈਂਟਰਲ ਕੋਆਪਰੇਟਿਵ ਬੈਂਕ, ਲੁਧਿਆਣਾ ਦੇ ਐਮ.ਡੀ ਅਤੇ ਮੈਂਬਰ ਵੀ ਰਹੇ। ਉਨ੍ਹਾਂ ਨੇ ਡਾਇਰੈਕਟਰ ਮਿਲਕਫੈਡ, ਪੰਜਾਬ ਵਜੋਂ ਵੀ ਆਪਣੀਆਂ ਸੇਵਾਵਾਂ ਦਿੱਤੀਆਂ।

ਸਰਦਾਰ ਬਲਵੰਤ ਸਿੰਘ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 8 ਜੁਲਾਈ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 25 ਜੁਲਾਈ, 1947 ਨੂੰ ਪਿੰਡ ਸ਼ਾਹਪੁਰ, ਤਹਿਸੀਲ ਨਾਭਾ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ ਸੀ। ਉਹ ਫਰਵਰੀ, 1997 ਵਿੱਚ ਅਮਲੋਹ ਹਲਕੇ ਤੋ ਪੰਜਾਬ ਵਿਧਾਨ ਸਭਾ ਲਈ ਮੈਂਬਰ ਚੁਣੇ ਗਏ ਸਨ। ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਦਲਿਤ ਫਰੰਟ ਦੀਆਂ ਰਾਜਨੀਤਿਕ ਸਰਗਰਮੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਸੀ।

ਸਰਦਾਰ ਰਾਜਾ ਸਿੰਘ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 25 ਜੁਲਾਈ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 16 ਮਾਰਚ, 1928 ਨੂੰ ਹੋਇਆ ਸੀ। ਉਹ ਵਿਧਾਨ ਸਭਾ ਹਲਕਾ ਮੋਰਿੰਡਾ ਤੋਂ ਵਿਧਾਇਕ ਰਹੇ। ਉਹ ਕੁਰਾਲੀ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ; ਪੰਜਾਬ ਦਿਹਾਤੀ ਮਜ਼ਦੂਰ ਸਭਾ ਦੇ ਖਜ਼ਾਨਚੀ ਅਤੇ ਅੰਬਾਲਾ ਜ਼ਿਲ੍ਹਾ ਦਿਹਾਤੀ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਵੀ ਰਹੇ।

ਸਰਦਾਰ ਬਲਬੀਰ ਸਿੰਘ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 11 ਅਕਤੂਬਰ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 14 ਜਨਵਰੀ, 1939 ਨੂੰ ਹੋਇਆ ਸੀ। ਉਹ ਸਾਲ 1968 ਵਿੱਚ ਵਿਧਾਨ ਸਭਾ ਹਲਕਾ ਬਨੂੜ ਤੋਂ ਆਜ਼ਾਦ ਤੌਰ ਤੇ ਵਿਧਾਇਕ ਚੁਣੇ ਗਏ ਸਨ। ਉਹ ਜਨਵਰੀ, 1965 ਤੋਂ ਮਾਰਚ, 1969 ਤੱਕ ਪੰਚਾਇਤ ਸਮਿਤੀ, ਡੇਰਾਬੱਸੀ ਦੇ ਮੈਂਬਰ ਵੀ ਰਹੇ। ਉਨ੍ਹਾਂ ਨੇ ਆਪਣੇ ਵਿਧਾਇਕ ਵਜੋਂ ਕਾਰਜ ਕਾਲ ਦੌਰਾਨ ਪਾਰਲੀਮੈਂਟ ਸਕੱਤਰ ਵਜੋਂ ਵੀ ਸੂਬੇ ਦੀ ਸੇਵਾ ਨਿਭਾਈ।

ਸਰਦਾਰ ਸੁਰਜਨ ਸਿੰਘ ਜੋਗਾ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 12 ਨਵੰਬਰ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1953 ਵਿੱਚ ਪਿੰਡ ਜੋਗਾ ਵਿਖੇ ਹੋਇਆ। ਉਹ ਸਾਲ 1992 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ

[ ਮਾਨਯੋਗ ਸਪੀਕਰ ]

ਇੰਡੀਅਨ ਪੀਪਲਜ਼ ਪਾਰਟੀ ਦੇ ਉਮੀਦਵਾਰ ਵਜੋਂ ਪੇਂਡੂ ਹਲਕਾ, ਜੋਗਾ ਤੋਂ ਵਿਧਾਇਕ ਬਣੇ। ਉਹ ਸਾਲ 1975 ਵਿੱਚ Emergency ਦੌਰਾਨ ਅੰਦੋਲਨ ਕਰਦੇ ਸਮੇਂ ਗ੍ਰਿਫਤਾਰ ਵੀ ਹੋਏ। ਉਹ ਰੂਰਲ ਵਰਕਰਜ਼ ਸੈੱਲ, ਪੰਜਾਬ ਦੇ ਪ੍ਰਧਾਨ ਵੀ ਰਹੇ ਅਤੇ ਉਹ 1 ਸਤੰਬਰ 1994 ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

ਕਾਮਰੇਡ ਰਾਜ ਕੁਮਾਰ, ਸਾਬਕਾ ਵਿਧਾਇਕ ਵੀ ਸਾਨੂੰ ਮਿਤੀ 20 ਅਕਤੂਬਰ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 2 ਅਕਤੂਬਰ, 1928 ਨੂੰ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ ਸੀ। ਉਹ ਸਾਲ 1964 ਤੋਂ ਸੀ.ਪੀ.ਆਈ. ਦੀ ਗੁਰਦਾਸਪੁਰ ਜ਼ਿਲ੍ਹਾ ਕੌਂਸਲ ਦੇ ਸਕੱਤਰ ਰਹਿਣ ਤੋਂ ਬਾਅਦ ਸਾਲ 1972 ਤੋਂ 1977 ਤੱਕ ਅਤੇ 1980 ਤੋਂ 1985 ਤੱਕ ਵਿਧਾਨ ਸਭਾ ਹਲਕਾ ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ ਤੋਂ ਇਸ ਸਦਨ ਦੇ ਮੈਂਬਰ ਰਹੇ। ਉਨ੍ਹਾਂ ਨੇ ਸਾਲ 1977 ਵਿੱਚ ਭਾਰਤੀ ਪ੍ਰਤੀਨਿਧੀ ਮੰਡਲ ਦੇ ਮੈਂਬਰ ਵਜੋਂ ਮਾਸਕੋ ਵਿੱਚ ਵਰਲਡ ਕਾਂਗਰਸ ਆਫ ਸੁਸਾਈਟੀਜ਼ ਫਾਰ ਫਰੈਂਡਸ਼ਿਪ ਵਿੱਚ ਵੀ ਸ਼ਿਰਕਤ ਕੀਤੀ।

ਇਨ੍ਹਾਂ ਤੋਂ ਇਲਾਵਾ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਜਿਨ੍ਹਾਂ ਬੇਸ਼ੁਮਾਰ ਅਜ਼ਾਦੀ ਘੁਲਾਟੀਆਂ ਨੇ ਘਾਲਣਾ ਘਾਲੀ, ਉਨ੍ਹਾਂ ਆਜ਼ਾਦੀ ਦੇ ਪ੍ਰਵਾਨਿਆਂ ਦੀ ਮਹਾਨ ਕੁਰਬਾਨੀ ਦੇ ਅਸੀਂ ਸਦਾ ਰਿਣੀ ਰਹਾਂਗੇ। ਇਨ੍ਹਾਂ ਸਤਿਕਾਰਯੋਗ ਸੁਤੰਤਰਤਾ ਸੰਗਰਾਮੀਆਂ ਵਿੱਚੋਂ ਸਰਦਾਰ ਅਰਜਨ ਸਿੰਘ ਜੀ, ਸਰਦਾਰ ਵੱਸਣ ਸਿੰਘ ਜੀ, ਸਰਦਾਰ ਜਗਤ ਸਿੰਘ ਜੀ, ਸਰਦਾਰ ਬਚਨ ਸਿੰਘ ਜੀ, ਸ਼੍ਰੀ ਰਾਮ ਸਰੂਪ ਜੀ, ਸ਼੍ਰੀਮਤੀ ਬਚਨ ਕੌਰ ਜੀ ਅਤੇ ਸਰਦਾਰ ਚੰਨਣ ਸਿੰਘ ਜੀ ਵੀ ਪਿਛਲੇ ਦਿਨਾਂ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਸਾਰੇ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਵਿੱਚ ਵਡਮੁੱਲਾ ਯੋਗਦਾਨ ਪਾਇਆ ਸੀ। ਅਸੀਂ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਆਜ਼ਾਦੀ ਦਾ ਨਿੱਘਾ ਆਨੰਦ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।

ਗਿਆਨੀ ਮੱਲ ਸਿੰਘ ਜੀ, ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਵੀ ਸਾਨੂੰ ਮਿਤੀ 15 ਅਗਸਤ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਅਪ੍ਰੈਲ, 1955 ਨੂੰ ਪਿੰਡ ਤਾਜੋਕੇ, ਜ਼ਿਲ੍ਹਾ ਬਰਨਾਲਾ ਵਿਖੇ ਹੋਇਆ। ਧਾਰਮਿਕ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ ਹੈ।

ਸ਼ਹੀਦ ਕਮਲਜੀਤ ਸਿੰਘ, ਸਬ ਇੰਸਪੈਕਟਰ ਵੀ ਸਾਨੂੰ ਮਿਤੀ 1 ਸਤੰਬਰ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 4 ਜਨਵਰੀ, 1967 ਨੂੰ ਪਿੰਡ ਨੰਗਲ ਕਲਾਂ, ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਉਹ ਮਿਤੀ 1 ਸਤੰਬਰ, 2017 ਨੂੰ ਜੰਮੂ ਕਸ਼ਮੀਰ ਦੇ ਪੁਣਛ ਖੇਤਰ ਵਿੱਚ ਪਾਕਿਸਤਾਨ ਵੱਲੋਂ ਹੋਈ ਗੋਲਾਬਾਰੀ ਵਿੱਚ

ਸ਼ਹੀਦ ਹੋ ਗਏ।

ਸ਼ਹੀਦ ਬਖਤਾਬਰ ਸਿੰਘ, ਨਾਇਕ ਵੀ ਸਾਨੂੰ ਮਿਤੀ 16 ਜੂਨ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 14 ਜਨਵਰੀ, 1983 ਨੂੰ ਪਿੰਡ ਸੰਧੂ ਮੁਹੱਲਾ, ਹਾਜੀਪੁਰ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਹੋਇਆ ਸੀ। ਉਹ ਜੰਮੂ-ਕਸ਼ਮੀਰ ਵਿੱਚ ਨੌਸ਼ਹਿਰਾ ਰਾਜੌਰੀ (ਪੁਣਛ) ਸੈਕਟਰ ਵਿੱਚ ਦੇਸ਼ ਤੇ ਸਮਾਜ ਵਿਰੋਧੀ ਅਨਸਰਾਂ ਨਾਲ ਹੋਏ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ।

ਭਾਰਤੀ ਫੌਜ ਦੇ ਸ਼ਹੀਦ ਮਨਜਿੰਦਰ ਸਿੰਘ ਵੀ ਸਾਨੂੰ ਮਿਤੀ 14 ਨਵੰਬਰ, 2017 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 25 ਅਪ੍ਰੈਲ, 1995 ਨੂੰ ਪਿੰਡ ਬਣਾਵਾਲਾ, ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਉਹ ਮਿਤੀ 11 ਜੂਨ, 2015 ਨੂੰ ਫੌਜ ਦੀ ਸਿੱਖ ਰੈਜੀਮੈਂਟ ਵਿੱਚ ਭਰਤੀ ਹੋਏ। ਉਹ ਮਿਤੀ 14 ਨਵੰਬਰ, 2017 ਨੂੰ ਜੰਮੂ ਕਸ਼ਮੀਰ ਦੇ ਕੁਲਗਾਮ ਅਤੇ ਤਰਾਲ ਜ਼ਿਲ੍ਹੇ ਦੇ ਦੇਵਸਰ ਇਲਾਕੇ ਵਿੱਚ ਫੌਜ ਦੇ ਓਪਰੇਸ਼ਨ ਵਿੱਚ ਅੱਤਵਾਦੀਆਂ ਨਾਲ ਹੋਏ ਮੁਕਾਬਲੇ ਵਿੱਚ ਸ਼ਹੀਦ ਹੋ ਗਏ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਸਭ ਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵੱਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ ਪਰ ਜਿਵੇਂ ਕਿ ਡਾ. ਬੀ.ਆਰ. ਅੰਬੇਦਕਰ ਨੇ ਕਿਹਾ ਸੀ ਕਿ Life should be great, rather than long, ਜਿਸ ਦਾ ਸਪੱਸ਼ਟ ਤੌਰ ਤੇ ਮਤਲਬ ਇਹੀ ਸੀ ਕਿ ਜੀਵਨ ਬੇਸ਼ੱਕ ਛੋਟਾ ਹੀ ਹੋਵੇ ਪਰ ਇਹ ਜਿੰਨਾ-ਕਿੰਨਾ ਵੀ ਜੀਆ ਜਾਵੇ ਉਸ ਦਾ ਮਕਸਦ ਬਹੁਤ ਉੱਚਾ ਅਤੇ ਸਾਰਥਕ ਹੋਵੇ। ਇਸ ਲਈ ਮੈਨੂੰ ਯਕੀਨ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖਸੀਅਤਾਂ ਦੇ ਮਹਾਨ ਅਤੇ ਸਾਰਥਕ ਜੀਵਨ ਤੋਂ ਸੇਧ ਲੈ ਕੇ ਇਨ੍ਹਾਂ ਦੇ ਪਦ-ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿਚ ਹਾਜ਼ਰ ਰਹਾਂਗੇ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਇਨ੍ਹਾਂ ਤੋਂ ਇਲਾਵਾ 20 ਨਵੰਬਰ, 2017 ਨੂੰ ਲੁਧਿਆਣਾ ਵਿਖੇ ਵਾਪਰੇ ਹਾਦਸੇ ਵਿੱਚ ਮਾਰੇ ਗਏ ਕਈ ਨਾਗਰਿਕ ਅਤੇ ਕਰਮਚਾਰੀ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਜਿਸ ਦਾ ਸਾਨੂੰ ਸਭਨਾਂ ਨੂੰ ਗਹਿਰਾ ਸਦਮਾ ਅਤੇ ਅਫਸੋਸ ਹੈ।

ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਸ਼ਖਸੀਅਤਾਂ ਅਤੇ ਹੋਰ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ। (ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਜਿਥੇ ਮੈਂ ਤੁਹਾਡੇ ਵੱਲੋਂ ਜਿਹੜੇ ਸਤਿਕਾਰਯੋਗ ਸੱਜਣਾਂ ਦੀ ਸ਼ਰਧਾਂਜਲੀ ਪੜ੍ਹੀ ਹੈ, ਉਸ ਦੀ ਮੈਂ ਤਾਈਦ ਕਰਦਾ ਹਾਂ, ਉਥੇ ਨਾਲ ਤਿੰਨ ਹੋਰ ਸ਼ੋਕ ਪ੍ਰਸਤਾਵ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ । ਇਹ ਤਿੰਨੋਂ ਸ਼ਰਧਾਂਜਲੀਆਂ ਮਲਟੀਪਲ ਪੀਪਲਜ਼ ਦੀਆਂ ਹਨ । ਇਹ ਇੱਕ ਮੇਰੇ ਹੱਥ ਵਿਚ ਫਾਈਲ ਹੈ ਜਿਸ ਵਿੱਚ ਪਿਛਲੇ ਸੈਸ਼ਨ ਤੋਂ ਲੈ ਕੇ ਹੁਣ ਤੱਕ

** **289 ਕਿਸਾਨ ਤੇ ਖੇਤ ਮਜ਼ਦੂਰਾਂ ਦੀਆਂ ਆਤਮ ਹੱਤਿਆਵਾਂ ਤੇ ਖੁਦਕੁਸ਼ੀਆਂ ਹੋਈਆਂ ਹਨ। It is a proper list maintained by my office, with the names, addreses, with the reasons and the newspapers in which these news were published- whether it is Ajit, Tribune or Hindustan Times, Jag Bani or Punjab Kesari etc. ਸਾਰੀ ਡਿਟੇਲ ਹੈ । ਸਪੀਕਰ ਸਾਹਿਬ, ਜੇਕਰ ਤੁਹਾਡੀ ਆਗਿਆ ਹੋਵੇ ਤਾਂ ਇਸ ਨੂੰ ਸਦਨ ਦੀ ਟੇਬਲ ਰੱਖਿਆ ਜਾਵੇ ਤਾਂ ਕਿ ਉਨ੍ਹਾਂ ਦੇ ਘਰਾਂ ਵਿੱਚ ਜਾ ਕੇ, ਉਨ੍ਹਾਂ ਨੂੰ ਵੀ ਮਹਿਸੂਸ ਹੋਵੇ ਕਿ ਅਸੀਂ ਪੰਜਾਬ ਰਾਜ ਦੇ ਬਾਸ਼ਿੰਦੇ ਹਾਂ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ । ਹਾਂ ਜੀ, ਸ਼੍ਰੀਮਤੀ ਮਾਣੂਕੇ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਬਠਿੰਡੇ ਵਿੱਚ ਅੱਠ ਬੱਚੇ ਇੱਕ ਟਿੱਪਰ ਨੇ ਕੁਚਲ ਦਿੱਤੇ ਜਿਨ੍ਹਾਂ ਦਾ ਕੋਈ ਗੁਨਾਹ ਨਹੀਂ ਸੀ ਉਹ ਤਾਂ ਸਵੇਰੇ ਸਕੂਲ ਚੱਲੇ ਸੀ। ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਨਾਲ ਅਜਿਹਾ ਭਾਣਾ ਵਾਪਰ ਜਾਣਾ ਹੈ । ਕਿਰਪਾ ਕਰਕੇ ਉਨ੍ਹਾਂ ਅੱਠ ਬੱਚਿਆਂ ਦੇ ਪੇਰੈਂਟਸ ਦੇ ਘਰਾਂ ਵਿੱਚ ਵੀ ਜ਼ਰੂਰ ਪੰਜਾਬ ਸਰਕਾਰ ਦਾ ਜਾਂ ਸਦਨ ਦਾ ਸ਼ੋਕ ਮੈਸੇਜ ਜ਼ਰੂਰ ਭੇਜਿਆ ਜਾਵੇ। ਤੀਸਰਾ ਸੱਤ ਜਾਂ ਅੱਠ ਟੀਚਰ ਫਿਰੋਜ਼ਪੁਰ-ਫਾਜ਼ਿਲਕਾ ਰੋਡ ਉਤੇ ਇੱਕ ਐਕਸੀਡੈਂਟ ਦਾ ਸ਼ਿਕਾਰ ਹੋਏ ਹਨ । ਉਨ੍ਹਾਂ ਦਾ ਵੀ ਕੋਈ ਕਸੂਰ ਨਹੀਂ ਸੀ । ਜੋ ਵਿਵਸਥਾ ਸੜਕਾਂ ਉਤੇ ਹੈ, ਉਸ ਦਾ ਕੋਈ ਵੀ ਕਿਸੇ ਵਕਤ ਸ਼ਿਕਾਰ ਹੋ ਸਕਦਾ ਹੈ। ਕਿਰਪਾ ਕਰਕੇ ਇਹ ਤਿੰਨ ਮਹੱਤਵਪੂਰਨ ਦੁਰਘਟਨਾਵਾਂ ਹਨ, ਇਹ ਹੈ ਤਾਂ ਕਈ ਕਈ ਬੰਦੇ ਹਨ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਤਿੰਨਾਂ ਮਾਮਲਿਆਂ ਨੂੰ ਰਿਕਾਰਡ ਉਤੇ ਲਿਆਂਦਾ ਜਾਵੇ। ਬਹੁਤ ਬਹੁਤ ਧੰਨਵਾਦ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਸਪੀਕਰ ਸਾਹਿਬ, ਸੁਪਰੀਮ ਕੋਰਟ ਦੀ ਪਾਬੰਦੀ ਦੇ ਬਾਵਜੂਦ ਅੱਜ ਵੀ ਸਾਡੇ ਦਲਿਤ ਮਜ਼ਦੂਰ ਸੀਵਰੇਜ ਵਿਚ ਉਤਾਰੇ ਜਾਂਦੇ ਹਨ ਜਿਸ ਵਿੱਚ ਜੂਨ ਤੋਂ ਲੈ ਕੇ ਨਵੰਬਰ ਤੱਕ, ਹੁਣ ਤੱਕ ਸੱਤ-ਅੱਠ ਮੌਤਾਂ ਦੀਆਂ ਖਬਰਾਂ ਅਖਬਾਰਾਂ ਵਿੱਚ ਆ ਚੁੱਕੀਆਂ ਹਨ ਪਰ ਕਈ ਮੌਤਾਂ ਅਜਿਹੀਆਂ ਹਨ ਜਿਹੜੀਆਂ ਕਿਤੇ ਦਰਜ ਨਹੀਂ ਹੁੰਦੀਆਂ । ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਉਨ੍ਹਾਂ ਲਈ ਵੀ ਆਪਾਂ ਦੋ ਲਫਜ਼

---

** **Placed in the Revisor's Branch.

ਕਹਿ ਲਈਏ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਲੋਧੀਨੰਗਲ ਸਾਹਿਬ।

**ਸਰਦਾਰ ਲਖਬੀਰ ਸਿੰਘ ਲੋਧੀਨੰਗਲ :** ਸਪੀਕਰ ਸਾਹਿਬ, ਪੰਜ ਦਿਨ ਪਹਿਲਾਂ ਸਰਦਾਰ ਮਨਦੀਪ ਸਿੰਘ ਚਾਹਲ ਸ਼ਹੀਦ ਹੋ ਗਏ ਹਨ, ਉਨ੍ਹਾਂ ਦਾ ਨਾਂ ਦਰਜ ਕਰਨਾ ਰਹਿ ਗਿਆ ਹੈ। ਇਹ ਚਾਹਲ ਖੁਰਦ ਦਾ ਰਹਿਣ ਵਾਲਾ ਸੀ । ਅਸੀਂ ਸਮਝਦੇ ਹਾਂ ਕਿ ਉਨ੍ਹਾਂ ਦਾ ਨਾਂ ਵੀ ਦਰਜ ਕਰ ਲਿਆ ਜਾਵੇ, ਪਤਾ ਨਹੀਂ ਤੁਹਾਡੇ ਕੋਲ ਇਹ ਨਾਂ ਆਇਆ ਹੈ ਕਿ ਨਹੀਂ । ਸਾਡੇ ਐਮ.ਐਲ.ਏ. ਲਾਡੀ ਜੀ ਵੀ ਖੜ੍ਹੇ ਹਨ, ਅਸੀਂ ਉਥੇ ਇਕੱਠੇ ਜਾ ਕੇ ਆਏ ਹਾਂ । ਇਨ੍ਹਾਂ ਦੇ ਨਾਂ ਨੂੰ ਵੀ ਸ਼ਾਮਲ ਕਰ ਲਿਆ ਜਾਵੇ।

**ਮਾਨਯੋਗ ਸਪੀਕਰ:** ਸਾਰੇ ਹੀ ਸ਼ਾਮਲ ਕਰ ਲਏ ਜਾਣ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਪਿਛਲੇ ਸਮੇਂ ਵਿੱਚ ਜਿਹੜੀਆਂ ਡੇਂਗੂ ਨਾਲ ਮੌਤਾਂ ਹੋਈਆਂ ਹਨ, ਇਨ੍ਹਾਂ ਬਾਰੇ ਆਪਾਂ ਬਾਅਦ ਵਿੱਚ ਚਰਚਾ ਕਰਾਂਗੇ । ਉਨ੍ਹਾਂ ਲੋਕਾਂ ਦਾ ਕੋਈ ਕਸੂਰ ਨਹੀਂ ਸੀ, ਪ੍ਰਸਾਸ਼ਨ ਦੀ ਅਣਗਹਿਲੀ ਕਰਕੇ ਅਜਿਹਾ ਹੋਇਆ ਹੈ । ਉਨ੍ਹਾਂ ਦਾ ਨਾਂ ਵੀ ਐਡ ਕਰ ਲਿਆ ਜਾਵੇ ।

**ਮਾਨਯੋਗ ਸਪੀਕਰ :** ਧੰਨਵਾਦ ਜੀ । ਸਰਦਾਰ ਮਨਦੀਪ ਸਿੰਘ ਚਾਹਲ, ਟੀਚਰ, ਬੱਚੇ ਅਤੇ ਕਿਸਾਨ, ਇਨ੍ਹਾਂ ਸਾਰਿਆਂ ਨੂੰ ਸ਼ਾਮਲ ਕਰ ਲਿਆ ਜਾਵੇ । ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣਗੇ । ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਮੋਨ ਧਾਰਨ ਲਈ ਖੜ੍ਹੇ ਹੋਈਏ ।

(ਇਸ ਉਪਰੰਤ ਸਮੂਹ ਸਦਨ ਨੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਖੜ੍ਹੇ ਹੋ ਕੇ ਦੋ ਮਿੰਟ ਲਈ ਮੋਨ ਧਾਰਨ ਕੀਤਾ ।)

**ਮਾਨਯੋਗ ਸਪੀਕਰ :** ਧੰਨਵਾਦ । ਹੁਣ ਸਦਨ ਮੰਗਲਵਾਰ, ਮਿਤੀ 28 ਨਵੰਬਰ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੁੰਦਾ ਹੈ ।

*2.17 ਵਜੇ (ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਮੰਗਲਵਾਰ, ਮਿਤੀ 28 ਨਵੰਬਰ, 2017 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ ।)

-----

© 2017
ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ ।

9545/12-2017/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ